# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ : 0172-5043244

---

ਵੱਲ :

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ),
   ਪੰਜਾਬ।
2. ਸਮੂਹ ਸਰਕਾਰੀ ਪ੍ਰਾਇ./ਮਿਡਲ/ਹਾਈ/ਸੀਨੀ.ਸੈਕੰ. ਸਕੂਲਾਂ ਦੇ ਮੁੱਖੀ
   (ਵੈਬਸਾਈਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਰਮਸਅ/2011/**R001286**
ਮਿਤੀ, ਚੰਡੀਗੜ੍ਹ : 04.02.2011

ਵਿਸ਼ਾ : ਰਾਜ ਵਿੱਚ ਜਨਗਣਨਾ 2011 ਵਿੱਚ ਸਿੱਖਿਆ ਵਿਭਾਗ ਪੰਜਾਬ ਦੇ ਅਧਿਆਪਕਾਂ ਦੀ ਡਿਊਟੀ ਸੰਬੰਧੀ।

ਹਵਾਲਾ : ਮੀਮੋ ਨੰ: ਡਿ.ਐਸ.ਪੀ.ਡੀ/ਆਰ.ਐਮ.ਐਸ.ਏ/2010/38281-300 ਮਿਤੀ, ਚੰਡੀਗੜ੍ਹ :24-05-2010 ਸੰਬੰਧੀ।

1.0 ਉਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਰਾਹੀਂ ਰਾਜ ਦੇ ਸਮੂਹ ਅਧਿਆਪਕਾਂ ਨੂੰ ਜਨਗਣਨਾ 2011 ਦੀ ਡਿਊਟੀ ਦਾ ਕਾਰਜ ਸਕੂਲ ਸਮੇਂ ਤੋਂ ਬਾਅਦ ਕਰਨ ਦੀ ਹਦਾਇਤ ਕੀਤੀ ਗਈ ਸੀ, ਜਿਸ ਸੰਬੰਧੀ ਰਾਜ ਦੇ ਵੱਖ-ਵੱਖ ਹਿੱਸਿਆਂ ਵਿਚੋਂ ਲਗਾਤਾਰ ਅਧਿਆਪਕਾਂ ਦੀ ਮੰਗ ਆ ਰਹੀ ਸੀ ਕਿ ਜਨਗਣਨਾ ਦਾ ਕੰਮ ਜ਼ਿਆਦਾ ਹੋਣ ਕਾਰਨ ਅਧਿਆਪਕਾਂ ਨੂੰ ਇਹ ਡਿਊਟੀ ਸਕੂਲ ਸਮੇਂ ਵਿੱਚ ਕੀਤੇ ਜਾਣ ਦੀ ਆਗਿਆ ਦਿੱਤੀ ਜਾਵੇ।

2.0 ਉਕਤ ਸਥਿਤੀ ਨੂੰ ਸੰਜੀਦਗੀ ਨਾਲ ਵਿਚਾਰਦਿਆਂ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਜਨਗਣਨਾ 2011 ਵਿੱਚ ਡਿਊਟੀ ਦੇ ਰਹੇ ਅਧਿਆਪਕਾਂ ਨੂੰ ਸਕੂਲ ਸਮੇਂ ਦੌਰਾਨ ਦੁਪਹਿਰ ਬਾਅਦ ਆਖਰੀ 2 ਘੰਟਿਆਂ ਦੀ ਸਕੂਲ ਸਮੇਂ ਤੋਂ ਛੋਟ ਦਿੱਤੀ ਜਾਵੇ, ਜਿਸ ਦੌਰਾਨ ਸੰਬੰਧਤ ਅਧਿਆਪਕਾਂ ਵੱਲੋਂ ਜਨਗਣਨਾ 2011 ਸੰਬੰਧੀ ਕਾਰਜ ਕੀਤਾ ਜਾਵੇਗਾ ਤਾਂ ਜੋ ਜਨਗਣਨਾ 2011 ਦਾ ਅਹਿਮ ਕਾਰਜ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।ਇਹ ਹੁਕਮ 09 ਫਰਵਰੀ ਤੋਂ 28 ਫਰਵਰੀ 2011 ਤੱਕ ਲਾਗੂ ਰਹਿਣਗੇ।

3.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ

ਪਿੱਠ ਅੰਕਣ ਨੰ: ਏ.ਐਸ.ਪੀ.ਡੀ/ਰਮਸਅ/2011/**R001286** ਮਿਤੀ ਚੰਡੀਗੜ੍ਹ: 04.02.11

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1. ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ।
2. ਡਾਇਰੈਕਟਰ, ਜਨਗਣਨਾ ਵਿਭਾਗ, ਪੰਜਾਬ, ਚੰਡੀਗੜ੍ਹ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ